# ਪ੍ਰੈਸ ਨੋਟ

ਸ੍ਰੀ ਰਾਜਬਚਨ ਸਿੰਘ ਸੰਧੂ PPS/SSP ਲੁਧਿਆਣਾ ਦਿਹਾਤੀ ਜੀ ਵੱਲੋਂ ਨਸ਼ਾ ਸਮੱਗਲਰਾਂ ਨੂੰ ਕਾਬੂ ਕਰਨ ਲਈ ਚਲਾਈ ਮੁਹਿੰਮ ਨੂੰ ਉਸ ਵਕਤ ਭਾਰੀ ਸਫਲਤਾ ਮਿਲੀ ਜਦੋਂ ਸ੍ਰੀ ਗੁਰਦੀਪ ਸਿੰਘ ਪੀ.ਪੀ.ਐਸ. SP (D) ਅਤੇ ਸ੍ਰੀ ਅਨਿਲ ਕੁਮਾਰ ਭਨੋਟ PPS DSP (D) ਜੀ ਦੇ ਦਿਸ਼ਾ ਨਿਰਦੇਸ਼ਾਂ ਤੇ ਇੰਸ: ਪ੍ਰੇਮ ਸਿੰਘ ਇੰਚਾਰਜ ਸਪੈਸ਼ਲ ਬ੍ਰਾਂਚ ਲੁਧਿਆਣਾ ਦਿਹਾਤੀ ਦੀ ਨਿਗਰਾਨੀ ਹੇਠ ਏ.ਐਸ.ਆਈ ਮਨਜੀਤ ਕੁਮਾਰ ਜੋ ਸਮੇਤ ਹੋਲਦਾਰ ਗੀਤਇੰਦਰਪਾਲ ਸਿੰਘ ਅਤੇ ਹੋਰ ਸਾਥੀ ਪੁਲੀਸ ਕਰਮਚਾਰੀਆਂ ਦੇ ਤਹਿਸੀਲ ਚੌਕ,ਜਗਰਾਂਉ ਮੌਜੂਦ ਸੀ, ਤਾਂ ਏ.ਐਸ.ਆਈ ਮਨਜੀਤ ਕੁਮਾਰ ਪਾਸ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਬਿਕਰਮਜੀਤ ਉੱਪਲ ਪੁੱਤਰ ਤਰਸੇਮ ਲਾਲ ਵਾਸੀ ਬੱਸੀਆ ਅਤੇ ਕੇਵੀ ਵਰਮਾ ਪੁੱਤਰ ਤਾਰਾ ਚੰਦ ਵਾਸੀ ਹਰੀ ਸਿੰਘ ਨਲੂਆ ਚੌਕ ਰਾਏਕੋਟ ਮਿਲ ਕੇ ਅਫੀਮ ਵੇਚਣ ਦਾ ਧੰਦਾ ਕਰਦੇ ਹਨ। ਜੋ ਅੱਜ ਵੀ ਕਾਰ ਮਾਰਕਾ ਸੈਵਰਕੇਟ ਨੰਬਰੀ PB.10.FP.3560 ਪਰ ਸਵਾਰ ਹੋ ਕੇ ਜਗਰਾਂਉ ਸ਼ਹਿਰ ਅਤੇ ਆਸ ਪਾਸ ਦੇ ਇਲਾਕੇ ਵਿੱਚ ਅਫੀਮ ਦੀ ਸਪਲਾਈ ਦੇਣ ਲਈ ਜਾ ਰਹੇ ਹਨ। ਜੇਕਰ ਡਿਸਪੋਜਲ ਰੋੜ, ਲੰਡੇ ਫਾਟਕ ਜਗਰਾਓ  ਨਾਕਾਬੰਦੀ ਕੀਤੀ ਜਾਵੇ ਤਾਂ ਇਹ ਬਿਕਰਮਜੀਤ ਉਪੱਲ ਅਤੇ ਕੇਵੀ ਵਰਮਾ ਉਕਤ ਭਾਰੀ ਮਾਤਰਾ ਵਿੱਚ ਅਫੀਮ ਸਮੇਤ ਕਾਰ ਉਕਤ ਦੇ ਰੰਗੀ ਹੱਥੀ ਕਾਬੂ ਆ ਸਕਦੇ ਹਨ। ਇਤਲਾਹ ਸੱਚੀ ਤੇ ਭਰੋਸੇਯੋਗ ਹੋਣ ਤੇ ਏ.ਐਸ.ਆਈ ਮਨਜੀਤ ਕੁਮਾਰ ਨੇ ਮੁਕੱਦਮਾ ਨੰਬਰ 02 ਮਿਤੀ 02.01.2022 ਅ/ਧ 18,25,29-61-85 ਐਨ.ਡੀ.ਪੀ.ਐਸ. ਐਕਟ ਥਾਣਾ ਸਿਟੀ ਜਗਰਾਂਉ ਦਰਜ ਕਰਵਾਇਆ। ਫਿਰ ਅੱਗੇ ਤਫਤੀਸ਼ ਦੌਰਾਨ ਐਸ.ਆਈ ਜਨਕ ਰਾਜ ਨੇ ਇਤਲਾਹ ਅਨੁਸਾਰ ਦੌਰਾਨੇ ਨਾਕਾਬੰਦੀ ਡਿਸਪੋਜਲ ਰੋਡ, ਲੰਡੇ ਫਾਟਕ ਜਗਰਾਉਂ ਤੋਂ ਬਿਕਰਮਜੀਤ ਉਪਲ ਅਤੇ ਕੈਵੀ ਵਰਮਾ ਉਰਫ ਕੈਵੀ ਉਕਤਾਨ ਨੂੰ ਸਮੇਤ ਕਾਰ ਮਾਰਕਾ ਸ਼ੈਵਰਲੇਟ ਨੰਬਰੀ PB.10.FP.3560 ਦੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕਰਕੇ ਉਹਨਾ ਪਾਸੋਂ 01 ਕਿਲੋਗ੍ਰਾਮ ਅਫੀਮ ਬਰਾਮਦ ਕੀਤੀ ਹੈ। ਦੋਸ਼ੀ ਕੈਵੀ ਉਕਤ ਜੋ ਰਾਏਕੋਟ ਵਿਖੇ ਇੱਕ ਜਿੰਮ ਵਿੱਚ ਬਤੌਰ ਟਰੇਨਰ ਕੰਮ ਕਰਦਾ ਹੈ, ਦਾ ਪਿਤਾ ਵੀ ਪਹਿਲਾਂ ਅਫੀਮ ਵੇਚਣ ਦਾ ਧੰਦਾ ਕਰਦਾ ਸੀ, ਅਤੇ ਉਸਦੇ ਖਿਲਾਫ ਪਹਿਲਾ ਵੀ NDPS ACT ਦੇ ਕੇਸ ਦਰਜ ਹਨ। ਦੋਸ਼ੀ ਕੈਵੀ, ਇਸ ਤੋਂ ਪਹਿਲਾ ਵੀ 2 ਵਾਰੀ ਅਫੀਮ ਰਾਜਸਥਾਨ ਤੋਂ ਲਿਆ ਕੇ ਵੇਚ ਚੁੱਕਾ ਹੈ। ਦੋਸ਼ੀਆਨ ਉਕਤਾਨ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲੀਸ ਰਿਮਾਂਡ ਹਾਸਿਲ ਕੀਤਾ ਜਾਵੇਗਾ। ਮੁਕੱਦਮਾ ਵਿੱਚ ਹੋਰ ਵੀ ਬਰਾਮਦਗੀ ਹੋਣ ਦੀ ਆਸ ਹੈ।

ਦੋਸ਼ੀਆਂ ਦੇ ਨਾਮ:-

1.ਬਿਕਰਮਜੀਤ ਉਪੱਲ ਪੁੱਤਰ ਤਰਸੇਮ ਲਾਲ ਵਾਸੀ ਬੱਸੀਆ।
2.ਕੈਵੀ ਵਰਮਾ ਪੁੱਤਰ ਤਾਰਾ ਚੰਦ ਵਾਸੀ ਹਰੀ ਸਿੰਘ ਨਲੂਆ ਚੌਕ ਰਾਏਕੋਟ।

ਬ੍ਰਾਮਦਗੀ:-

1. ਇੱਕ ਕਿਲੋਗ੍ਰਾਮ ਅਫੀਮ ਬਰਾਮਦ
2. ਕਾਰ ਮਾਰਕਾ ਸ਼ੈਵਰਲੈਟ ਨੰਬਰੀ PB.10.FP.3560